ਇਤਿਹਾਸ, ਕਹਾਣੀ ਸਾਹਿਤ ਦਾ ਕੰਮ ਸ਼ੁਰੂ ਕੀਤਾ । ਜੋ ਹੁਣ ਕਾਫ਼ੀ ਵਿਕਾਸ ਪਾ ਚੁਕਾ ਹੈ ।

ਆਪ ਨੇ ਅਨੇਕਾਂ ਸੰਸਥਾਵਾਂ ਦਾ ਨਿਰਮਾਣ ਕੀਤਾ ਹੈ ਜਿਸ਼ ਵਿਚ ਉਪ੍ਰੋਕਤ ਸਮਿਤੀ ਦਾ ਨਿਰਮਾਨ ਵੀ ਸ਼ਾਮਲ ਹੈ ।

ਸੰਨ 1972 ਵਿਚ ਭਗਵਾਨ ਮਹਾਵੀਰ ਦੇ 2500 ਵੀਂ ਨਿਰਵਾਨ ਸਮੇਂ ਬਣੀ ਪੰਜਾਬ ਸਰਕਾਰ ਦੀ ਕਮੇਟੀ ਦੀ ਆਪ ਵਿਸ਼ੇਸ਼ ਮਹਿਮਾਨ ਹਨ । ਆਪ ਜੀ ਦੀ ਪ੍ਰੇਰਣਾ ਨਾਲ **ਜੈਨੋਲੋਜੀਕਲ ਰਿਸਰਚ ਕੌਂਸਿਲ, ਇੰਟਰਨੈਸ਼ਨਲ ਪਾਰਵਤੀ ਜੈਨ ਐਵਾਰਡ** ਆਦਿ ਦੀ ਸਥਾਪਨਾ ਹੋਈ ਹੈ । ਇਸ ਸੰਸਥਾਵਾਂ ਤੋਂ ਛੁਟ ਆਪ ਨੇ ਸਮਾਜ ਸੁਧਾਰ, ਜੈਨ ਏਕਤਾ ਤੇ ਧਰਮ ਪ੍ਰਚਾਰ ਲਈ ਆਪਣਾ ਸਾਰਾ ਜੀਵਨ ਨਿਛਾਵਰ ਕਰ ਰਖਿਆ ਹੈ । ਸੰਪਾਦਕਾਂ ਤੇ ਆਪ ਦੇ ਅਥਾਹ ਉਪਕਾਰ ਹਨ । ਅੱਜ ਅਸੀਂ ਜੋ ਵੀ ਹਾਂ ਉਸਦਾ ਸਾਰਾ ਸਿਹਰਾ ਸਾਡੀ ਗੁਰਣੀ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਨੂੰ ਜਾਂਦਾ ਹੈ ।

## ਹਥਲੀ ਪੁਸਤਕ ਅਨਮੋਲ ਵਚਨ ਬਾਰੇ

ਹਥਲੀ ਪੁਸਤਕ ਸਾਧਵੀ ਜੀ ਦੀ ਪਹਿਲੀ ਪੰਜਾਬੀ ਰਚਨਾ ਹੈ । ਇਸ ਵਿਚ ਰੋਜਾਨਾ ਜੀਵਨ ਵਿਚ ਕੰਮ ਆਉਣ ਵਾਲੇ ਵਚਨਾਂ ਦਾ ਸੰਗ੍ਰਹਿ ਹਿੰਦੂ, ਜੈਨ ਗ੍ਰੰਥਾਂ ਤੋਂ ਛੁਟ ਨੀਤੀ ਗ੍ਰੰਥਾਂ ਵਿਚੋਂ ਕੀਤਾ ਹੈ । ਪੰਜਾਬੀ ਵਿਚ ਇਹ ਆਪਣੇ ਕਿਸਮ ਦਾ ਪਹਿਲਾ ਯਤਨ ਹੈ। ਪਹਿਲਾਂ ਇਸ ਤਰ੍ਹਾਂ ਦੇ ਚੰਗੇ ਵਾਕਾਂ ਦਾ ਸੰਗ੍ਰਹਿ ਪੰਜਾਬੀ ਭਾਸ਼ਾ ਵਿਚ ਵੇਖਣ ਨੂੰ ਨਹੀਂ ਮਿਲਦਾ । ਹਰ ਵਾਕ ਜੀਵਨ ਦੇ ਲਈ ਚਾਨਣ ਮੁਨਾਰਾ ਹੈ । ਮਹਾਰਾਜ ਸ੍ਰੀ ਜੀ ਨੇ ਕਦੇ ਵੀ ਆਪਣਾ ਨਾਂ ਜਾਹਿਰ ਕਰਨ ਦੀ ਇੱਛਾ ਨਹੀਂ ਕੀਤੀ । ਪਰ ਅਸੀਂ ਵਾਰ ਵਾਰ ਉਨ੍ਹਾਂ ਨੂੰ